**State Council of Educational Research & Training, Punjab**
Block-E, 6th Floor, Punjab School Education Board Complex
Phase 8, Sector 62, Mohali,160062 Punjab
Phone: 0172-2212221, Fax: 0172-2212793, Website: *www.scertpunjab.ac.in*

**ਵੱਲ**

ਸਮੂਹ ਜਿਲ੍ਹਾ ਸਿੱਖਿਆ ਅਫਸਰ (ਸੈ.ਸਿੱ./ ਐ.ਸਿੱ)
ਪੰਜਾਬ।

**ਮੀਮੋ ਨੰ: ਐਸ.ਸੀ.ਈ.ਆਰ.ਟੀ./ਸਸਅ/2018/** 2018 44740-762
**ਮਿਤੀ:** 27.10.2018

**ਵਿਸ਼ਾ :- ਸੰਗੀਤ ਅਧਿਆਪਕਾਂ ਦੀ ਇੱਕ ਰੋਜ਼ਾ Motivational Meeting ਸਬੰਧੀ।**

1.0 ਉਪਰੋਕਤ ਵਿਸ਼ੇ ਵੱਲ ਧਿਆਨ ਦੇਣ ਦੀ ਖੇਚਲ ਕੀਤੀ ਜਾਵੇ ਜੀ।

2.0 ਦੱਸਣਯੋਗ ਹੈ ਕਿ ਪੰਜਾਬ ਦੇ ਸਮੂਹ ਸਰਕਾਰੀ ਸਕੂਲਾਂ ਵਿੱਚ ਵੱਖ ਵੱਖ ਕਾਡਰਾਂ ਜਿਵੇਂ ਕਿ ਪ੍ਰਾਇਮਰੀ ਕਾਡਰ, ਮਾਸਟਰ ਕਾਡਰ, ਸੀ.ਐਂਡ.ਵੀ. ਕਾਡਰ ਅਤੇ ਲੈਕਚਰਾਰ ਕਾਡਰ ਅਧੀਨ ਨਿਯੁਕਤ ਸੰਗੀਤ ਅਧਿਆਪਕਾਂ ਦੀ ਇੱਕ ਰੋਜ਼ਾ Motivational Meeting ਕਰਵਾਈ ਜਾਣੀ ਹੈ ।ਉਕਤ ਮੀਟਿੰਗ ਲਈ ਮਿਤੀ ਅਤੇ ਸਥਾਨ ਜਲਦ ਹੀ ਨਿਰਧਾਰਿਤ ਕਰਕੇ ਪੱਤਰ ਜਾਰੀ ਕਰ ਦਿੱਤਾ ਜਾਵੇਗਾ।

3.0 ਇਸ ਮੀਟਿੰਗ ਦਾ ਮੁੱਖ ਮੰਤਵ ਸੰਗੀਤ ਅਧਿਆਪਕਾਂ ਦੁਆਰਾਂ ਵਿਦਿਆਰਥੀਆਂ ਨੂੰ ਸੰਗੀਤ ਅਤੇ ਸੱਭਿਆਚਾਰਕ ਕਲਾਵਾਂ ਜਿਵੇਂ ਕਿ ਲੋਕ ਨਾਚ ਭੰਗੜਾ, ਗਿੱਧਾ, ਸੰਮੀ, ਮਲਵਈ ਗਿੱਧਾ, ਲੁੱਡੀ ਆਦਿ। ਕਲਾਸੀਕਲ ਮਿਊਜ਼ਿਕ, Vocal Instruments, ਲੋਕ ਗੀਤ, ਸ਼ਬਦ ਕੀਰਤਨ, ਕੋਰਿਉਗ੍ਰਾਫੀ, ਥਿਏਟਰ ਆਦਿ ਵਿੱਚ ਨਿਪੁੰਨ ਬਣਾ ਕੇ ਸੱਭਿਆਚਾਰਕ ਮੁਕਾਬਲਿਆਂ ਲਈ ਤਿਆਰ ਕਰਨ ਲਈ ਵੱਖ-ਵੱਖ ਤਕਨੀਕਾਂ ਨੂੰ ਸਾਂਝਾ ਕਰਨਾ ਹੈ।

4.0 ਇਸ ਦੇ ਸਬੰਧ ਵਿੱਚ ਪੰਜਾਬ ਦੇ ਸਮੂਹ ਸਰਕਾਰੀ ਸਕੂਲਾਂ ਦੇ ਮੁਖੀਆਂ ਨੂੰ ਉਕਤ ਦਰਸਾਈਆਂ ਸੰਗੀਤ ਅਤੇ ਸੱਭਿਆਚਾਰਕ ਕਲਾਵਾਂ ਵਿੱਚ ਰੁੱਚੀ ਲੈਣ ਵਾਲੇ ਵਿਦਿਆਰਥੀਆਂ ਦੀ ਲਿਸਟ ਤਿਆਰ ਕਰਨ ਦੀ ਹਦਾਇਤ ਕੀਤੀ ਜਾਵੇ।

5.0 ਉਕਤ ਮੀਟਿੰਗ ਵਿੱਚ ਭਾਗ ਲੈਣ ਵਾਲੇ ਸਾਰੇ ਹੀ ਸੰਗੀਤ ਅਧਿਆਪਕ ਮੀਟਿੰਗ ਵਿੱਚ ਆਪਣੇ ਨਾਲ ਸੰਗੀਤ ਅਤੇ ਸੱਭਿਆਚਾਰਕ ਕਲਾਵਾਂ ਵਿੱਚ ਰੁੱਚੀ ਲੈਣ ਵਾਲੇ ਵਿਦਿਆਰਥੀਆਂ ਦੀ ਲਿਸਟ ਨਾਲ ਲਿਆਉਣਾ ਯਕੀਨੀ ਬਣਾਉਣਗੇ।

6.0 ਧਿਆਨ ਦੇਣ ਯੋਗ ਹੈ ਕਿ ਜਿਹਨਾਂ ਸਕੂਲਾਂ ਵਿੱਚ ਸੰਗੀਤ ਅਧਿਆਪਕ ਨਹੀਂ ਹਨ, ਉਹ ਆਪਣੇ ਆਸ-ਪਾਸ ਦੇ ਸਕੂਲ ਵਿੱਚ ਨਿਯੁਕਤ ਸੰਗੀਤ ਅਧਿਆਪਕ ਹੱਥ ਉਕਤ ਲਿਸਟ ਭੇਜਣਾ ਯਕੀਨੀ ਬਣਾਉਣਗੇ।

-ਸਹੀ-
**ਸਟੇਟ ਪ੍ਰਾਜੈਕਟ ਕੋਆਰਡੀਨੇਟਰ**
**ਅੰਗਰੇਜ਼ੀ/ਸਮਾਜਿਕ ਵਿਗਿਆਨ**
**ਐਸ.ਸੀ.ਈ.ਆਰ.ਟੀ,ਪੰਜਾਬ**

ਪਿੱਠ ਅੰਕਣ ਨੰ: **ਐਸ.ਸੀ.ਈ.ਆਰ.ਟੀ./2018/**ਉ23 ਮਿਤੀ 27.10.2018

ਉਪਰੋਕਤ ਦਾ ਉਤਾਰਾ ਹੇਠ ਲਿਖੀਆਂ ਨੂੰ ਯੋਗ ਕਾਰਵਾਈ ਅਤੇ ਸੂਚਨਾਂ ਹਿੱਤ ਭੇਜਿਆ ਜਾਂਦਾ ਹੈ:-

1) ਡੀ.ਐਮ. (ਐਮ.ਆਈ.ਐਸ.) ਨੂੰ ਵੈਬਸਾਇਟ ਤੇ ਪਾਉਣ ਹਿੱਤ।

Sawtantar

**ਸਟੇਟ ਪ੍ਰਾਜੈਕਟ ਕੋਆਰਡੀਨੇਟਰ**
**ਅੰਗਰੇਜ਼ੀ/ਸਮਾਜਿਕ ਵਿਗਿਆਨ**
**ਐਸ.ਸੀ.ਈ.ਆਰ.ਟੀ,ਪੰਜਾਬ**